SURREY PLACE

# ਗੱਲਬਾਤ ਕਰਨ ਬਾਰੇ ਜਾਂਚ ਸੂਚੀ

## ਨਵੇਂ ਜੰਮੇ ਬੱਚੇ ਤੋਂ ਚਾਰ ਸਾਲ ਦੀ ਉਮਰ ਤਕ

**ਜੇ ਹੇਠਲੇ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਹੈ, ਤਾਂ ਅਰਲੀ ਏਬਿਲਿਟੀਜ਼ ਨੂੰ 1-833-575-5437 ਨੰਬਹ ਤੇ ਕਾਲ ਕਰੋ**

ਜੇ ਤੁਹਾਡੇ ਬੱਚੇ ਦੀ ਮੁੱਖ ਭਾਸ਼ਾ ਅੰਗਰੇਜ਼ੀ ਨਹੀਂ ਹੇ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੀ ਘਰ ਦੀ ਭਾਸ਼ਾ ਵਿਚ ਇਸ ਜਾਂਚ ਸੂਚੀ ਦੀ ਵਰਤੋਂ ਕਰੋ। ਜਾਂਚ ਸੂਚੀਆਂ ਕਈ ਭਾਸ਼ਾਵਾਂ ਵਿਚ ਉਪਲਬਧ ਹਨ।

---

### 2 ਮਹੀਨੇ ਦਾ ਹੋਣ ਤਕ

ਹਾਂ ਨਹੀਂ

**ਕੀ ਤੁਹਾਡੇ ਬੇਬੀ ਦੀ ਸੁਣਨ ਸ਼ਕਤੀ ਦੀ ਮੁੱਢਲੀ ਜਾਂਚ ਹੋਈ ਹੈ?** .............................. ☐ ☐

ਜੇ ਨਹੀਂ, ਤਾਂ ਕਿਰਪਾ ਕਰਕੇ ਸਾਨੂੰ 1-833-575-5437 ਨੰਬਰ ਤੇ ਕਾਲ ਕਰੋ ਤਾਂ ਜੋ ਤੁਹਾਡੇ ਘਰ ਦੇ ਨੇੜੇ ਕਿਸੇ ਕਲੀਨਿਕ ਵਿਚ ਸੁਣਨ ਸ਼ਕਤੀ ਦੀ ਮੁੱਢਲੀ ਜਾਂਚ ਲਈ ਅਪਾਇੰਟਮੈਂਟ ਤੈਅ ਕੀਤੀ ਜਾ ਸਕੇ।

### 6 ਮਹੀਨੇ ਦਾ ਹੋਣ ਤਕ

**ਕੀ ਤੁਹਾਡਾ ਬੱਚਾ:**

- ਉੱਚਾ ਸ਼ੋਰ ਸੁਣ ਕੇ ਚੌਂਕ ਜਾਂਦਾ ਹੈ? .............................. ☐ ☐
- ਉਸ ਪਾਸੇ ਮੁੜਦਾ ਹੈ ਜਿਧਰੋਂ ਆਵਾਜ਼ ਆ ਰਹੀ ਹੁੰਦੀ ਹੈ? .............................. ☐ ☐
- ਵੱਖ ਵੱਖ ਲੋੜਾਂ (ਭੁੱਖ, ਥਕਾਵਟ) ਲਈ ਵੱਖ ਵੱਖ ਚੀਕਾਂ ਮਾਰਦਾ ਹੈ? .............................. ☐ ☐
- ਤੁਹਾਡੇ ਮੂੰਹ ਵਲ ਦੇਖਦਾ ਹੈ ਜਦ ਤੁਸੀਂ ਉਸਦੇ ਨਾਲ ਗੱਲ ਕਰਦੇ ਹੋ? .............................. ☐ ☐
- ਮੁਸਕੁਰਾਉਂਦਾ/ਹੱਸਦਾ ਹੈ ਜਦ ਤੁਸੀਂ ਮੁਸਕੁਰਾਉਂਦੇ/ਹੱਸਦੇ ਹੋ? .............................. ☐ ☐
- ਖੰਘਣ ਵਰਗੀਆਂ ਆਵਾਜ਼ਾਂ ਜਿਵੇਂ "ਅਹ, ਈਹ, ਬੂਹ" ਦੀ ਨਕਲ ਕਰਦਾ ਹੈ? .............................. ☐ ☐

### 9 ਮਹੀਨੇ ਦਾ ਹੋਣ ਤਕ

**ਕੀ ਬੱਚਾ:**

- ਆਪਣਾ ਨਾਂ ਸੁਣ ਕੇ ਪ੍ਰਤਿਕਿਰਿਆ ਦਿਖਾਉਂਦਾ ਹੈ? .............................. ☐ ☐
- ਟੈਲੀਫੋਨ ਦੀ ਘੰਟੀ ਜਾਂ ਦਰਵਾਜ਼ਾ ਖਟਖਟਾਉਣ ਦੀ ਆਵਾਜ਼ ਸੁਣ ਕੇ ਪ੍ਰਤਿਕਿਰਿਆ ਦਿਖਾਉਂਦਾ ਹੈ? .............................. ☐ ☐
- ਉਸਨੂੰ ਕੀਤੀ ਜਾਣ ਵਾਲੀ ਨਾਂਹ ਨੂੰ ਸਮਝਦਾ ਹੈ? .............................. ☐ ☐
- ਆਪਣੇ ਇਸ਼ਾਰਿਆਂ ਰਾਹੀਂ (ਜਿਵੇਂ, ਚੁੱਕਣ ਲਈ ਇਸ਼ਾਰਾ ਕਰਕੇ) ਆਪਣੀਆਂ ਮੰਗਾਂ ਪੂਰੀਆਂ ਕਰਵਾਉਂਦਾ ਹੈ? .............................. ☐ ☐
- ਤੁਹਾਡੇ ਨਾਲ ਸਮਾਜਕ ਖੇਡਾਂ (ਪੀਕ-ਆ- ਬੂ) ਖੇਡਦਾ ਹੈ? .............................. ☐ ☐
- ਦੂਜੇ ਲੋਕਾਂ ਦੀ ਮੌਜੂਦਗੀ ਵਿਚ ਖੁਸ਼ ਰਹਿੰਦਾ ਹੈ? .............................. ☐ ☐
- ਤੁਤਲਾਉਂਦਾ ਹੈ ਅਤੇ "ਬਾ-ਬਾ-ਬਾ-ਬਾ" ਜਾਂ "ਡੂ-ਡੂ-ਡੂ-ਡ" ਵਰਗੀਆਂ ਆਵਾਜ਼ਾਂ ਦੁਹਰਾਉਂਦਾ ਹੈ? .............................. ☐ ☐

## 12 ਮਹੀਨੇ ਦਾ ਹੋਣ ਤੱਕ

ਹਾਂ ਨਹੀਂ

### ਕੀ ਬੱਚਾ:

- ਇੱਕ ਕੰਮ ਵਾਲੀਆਂ ਸਰਲ ਹਦਾਇਤਾਂ (ਬੈਠੋ) ਦੀ ਪਾਲਣਾ ਕਰਦਾ ਹੈ? ☐ ☐
- ਕਮਰੇ ਦੇ ਦੂਜੇ ਪਾਸੇ ਪਏ ਖਿਡੌਣੇ ਵਲ ਦੇਖਦਾ ਹੈ ਜਦ ਕੋਈ ਬਾਲਗ ਉਸ ਵੱਲ ਇਸ਼ਾਰਾ ਕਰਦਾ ਹੈ? ☐ ☐
- ਤਿੰਨ ਤੋਂ ਪੰਜ ਸ਼ਬਦਾਂ ਦੀ ਲਗਾਤਾਰ ਵਰਤੋਂ ਕਰਦਾ ਹੈ? ☐ ☐
- ਗੱਲਬਾਤ ਲਈ ਇਸ਼ਾਰਿਆਂ (ਹੈਲੋ, ਬਾਇ ਲਈ ਹੱਥ ਹਿਲਾਉਣਾ, ਨਾਂਹ ਕਰਨ ਲਈ ਸਿਰ ਹਿਲਾਉਣਾ) ਦੀ ਵਰਤੋਂ ਕਰਦਾ ਹੈ? ☐ ☐
- ਆਵਾਜ਼ਾਂ, ਅੰਗਾਂ ਅਤੇ ਤੁਹਾਡੇ ਵੱਲ ਦੇਖਦੇ ਹੋਏ ਇਸ਼ਾਰਿਆਂ ਦੀ ਵਰਤੋਂ ਕਰਕੇ ਤੁਹਾਡਾ ਧਿਆਨ ਆਕਰਸ਼ਤ ਕਰਦਾ ਹੈ? ☐ ☐
- ਆਪਣੇ ਖਿਡੌਣੇ ਤੁਹਾਨੂੰ ਦਿਖਾਉਣ ਲਈ ਚੁੱਕ ਕੇ ਲਿਆਉਂਦਾ ਹੈ? ☐ ☐
- ਲੋਕਾਂ ਦਾ ਧਿਆਨ ਖਿੱਚਣ ਅਤੇ ਪ੍ਰਸ਼ੰਸਾ ਲੈਣ ਲਈ ਤਮਾਸ਼ੇ ਕਰਦਾ ਹੈ? ☐ ☐
- ਕਈ ਆਵਾਜ਼ਾਂ ਇਕੱਠੀਆਂ (ਅ-ਬਾ-ਡਾ ਬਾ-ਡੂ ਆ-ਬੀ) ਕੱਢਦਾ ਹੈ, ਜਿਵੇਂ ਕਿ ਉਹ ਗੱਲ ਕਰ ਰਿਹਾ ਹੋਵੇ? ☐ ☐
- ਸਾਦੀਆਂ ਤਸਵੀਰਾਂ ਵਾਲੀਆਂ ਕਿਤਾਬਾਂ ਵਿਚ ਦਿਲਚਸਪੀ ਦਿਖਾਉਂਦਾ ਹੈ? ☐ ☐

## 18 ਮਹੀਨੇ ਦਾ ਹੋਣ ਤੱਕ

### ਕੀ ਬੱਚਾ:

- “ਅੰਦਰ” ਅਤੇ “ਬਾਹਰ”, “ਬੰਦ” ਅਤੇ “ਚਾਲੂ” ਦੇ ਅਰਥ ਸਮਝਦਾ ਹੈ? ☐ ☐
- ਪੁੱਛਣ ਤੇ ਸਰੀਰ ਦੇ ਦੋ ਤੋਂ ਵੱਧ ਭਾਗਾਂ ਵਲ ਇਸ਼ਾਰਾ ਕਰਦਾ ਹੈ? ☐ ☐
- ਘੱਟੋ ਘੱਟ 20 ਸ਼ਬਦਾਂ ਦੀ ਨਿਰੰਤਰ ਵਰਤੋਂ ਕਰਦਾ ਹੈ? ☐ ☐
- ਸਰਲ ਸਵਾਲਾਂ (ਟੈਡੀ ਕਿਥੇ ਹੈ? ਇਹ ਕੀ ਹੈ?) ਦਾ ਜਵਾਬ ਸ਼ਬਦਾਂ ਜਾਂ ਇਸ਼ਾਰਿਆਂ ਨਾਲ ਦਿੰਦਾ ਹੈ? ☐ ☐
- ਖਿਡੌਣਿਆਂ ਦੇ ਨਾਲ ਕੋਈ ਵਿਖਾਵਾ ਕਰਨ ਵਾਲੀਆਂ ਖੇਡਾਂ (ਟੈਡੀ ਬਿਅਰ ਨੂੰ ਡ੍ਰਿੰਕ ਦੇਣਾ, ਕਟੋਰੇ ਨੂੰ ਹੈਟ ਬਣਾਉਣਾ) ਖੇਡਦਾ ਹੈ? ☐ ☐
- ਘੱਟੋ-ਘੱਟ ਚਾਰ ਵੱਖਰੀਆਂ ਵਿਅੰਜਨ ਧੁਨੀਆਂ (ਪ, ਬ, ਮ, ਨ, ਦ, ਗ, ਵ, ਹ) ਕੱਢਦਾ ਹੈ? ☐ ☐
- ਤੁਹਾਡੇ ਦੁਆਰਾ ਪੜ੍ਹੀਆਂ ਅਤੇ ਸਾਂਝਾ ਕੀਤੀਆਂ ਗਈਆਂ ਕਿਤਾਬਾਂ ਦਾ ਆਨੰਦ ਲੈਂਦਾ ਹੈ? ☐ ☐
- ਇੱਕ ਉਂਗਲੀ ਨਾਲ ਤਸਵੀਰਾਂ ਵੱਲ ਇਸ਼ਾਰਾ ਕਰਦਾ ਹੈ? ☐ ☐

## 2 ਸਾਲਾਂ ਦਾ ਹੋਣ ਤਕ

### ਕੀ ਬੱਚਾ:

- ਦੋ ਕੰਮਾਂ ਵਾਲੀਆਂ ਹਦਾਇਤਾਂ (ਆਪਣਾ ਟੈਡੀ ਬਿਅਰ ਲੱਭੋ ਅਤੇ ਦਾਦੀ ਨੂੰ ਦਿਖਾਉ) ਦੀ ਪਾਲਣਾ ਕਰਦਾ ਹੈ? ☐ ☐
- 100 ਤੋਂ 150 ਸ਼ਬਦਾਂ ਦੀ ਵਰਤੋਂ ਕਰਦਾ ਹੈ? ☐ ☐
- ਘੱਟੋ ਘੱਟ ਦੋ ਸਰਵਨਾਮਾਂ (ਤੁਸੀਂ, ਮੈਂ, ਮੇਰਾ) ਦੀ ਵਰਤੋਂ ਕਰਦਾ ਹੈ? ☐ ☐
- ਛੋਟੇ ਵਾਕਾਂਸ਼ਾਂ ਵਿਚ ਦੋ ਤੋਂ ਚਾਰ ਸ਼ਬਦਾਂ ਨੂੰ ਲਗਾਤਾਰ ਮਿਲਾਉਂਦਾ ਹੈ (ਡੈਡੀ ਹੈਟ, ਟਰੱਕ ਜਾਂਦਾ)? ☐ ☐
- ਦੂਜੇ ਬੱਚਿਆਂ ਦੇ ਨਾਲ ਖੁਸ਼ ਰਹਿੰਦਾ ਹੈ? ☐ ☐
- ਆਪਣੇ ਖਿਡੌਣੇ ਦੂਜੇ ਬੱਚਿਆਂ ਨੂੰ ਦੇਣਾ ਅਤੇ ਦੂਜੇ ਬੱਚਿਆਂ ਦੀਆਂ ਕਿਰਿਆਵਾਂ ਅਤੇ ਸ਼ਬਦਾਂ ਦੀ ਨਕਲ ਉਤਾਰਨਾ ਸ਼ੁਰੂ ਕਰ ਰਿਹਾ ਹੈ? ☐ ☐
- ਅਜਿਹੇ ਸ਼ਬਦਾਂ ਦੀ ਵਰਤੋਂ ਕਰਦਾ ਹੈ ਜੋ ਦੂਜਿਆਂ ਨੂੰ 50 ਤੋਂ 60 ਪ੍ਰਤਿਸ਼ਤ ਵਾਰੀ ਸਮਝ ਆ ਜਾਂਦੇ ਹਨ? ☐ ☐
- ਸ਼ਬਦ ਜਾਂ ਆਵਾਜ਼ਾਂ ਅਸਾਨੀ ਨਾਲ, ਬਿਨਾਂ ਜ਼ੋਰ ਲਗਾਏ ਕੱਢਦਾ ਹੈ? ☐ ☐
- ਕਿਤਾਬਾਂ ਨੂੰ ਸਿੱਧਾ ਪਕੜ ਕੇ ਪੰਨੇ ਪਲਟਦਾ ਹੈ? ☐ ☐
- ਕੁਝ ਕਾਲਪਨਿਕ ਖੇਡਾਂ (ਟੈਡੀ ਬਿਅਰ ਨੂੰ ਸੌਣ ਲਈ ਤਿਆਰ ਕਰਨਾ) ਦਿਖਾਉਂਦਾ ਹੈ? ☐ ☐
- ਰੰਗੀਨ ਚਾਕ ਨਾਲ ਘਿੱਚ-ਮਿੱਚ ਕਰਦਾ ਹੈ? ☐ ☐

## 30 ਮਹੀਨੇ ਦਾ ਹੋਣ ਤਕ

ਹਾਂ ਨਹੀਂ

**ਕੀ ਬੱਚਾ:**

- ਆਕਾਰ (ਵੱਡਾ/ਛੋਟਾ) ਜਾਂ ਮਾਤਰਾ (ਥੋੜ੍ਹਾ/ਜ਼ਿਆਦਾ, ਹੋਰ) ਦੀਆਂ ਧਾਰਨਾਵਾਂ ਨੂੰ ਸਮਝਦਾ ਹੈ? ☐ ☐
- ਥੋੜ੍ਹੀ ਬਾਲਗਾਂ ਦੀ ਵਿਆਕਰਣ (ਦੋ ਬਿਸਕੁੱਟ, ਜਹਾਜ ਉੱਡ ਰਿਹੈ, ਮੈਂ ਛਲਾਂਗ ਮਾਰੀ) ਦੀ ਵਰਤੋਂ ਕਰਦਾ ਹੈ? ☐ ☐
- 350 ਤੋਂ ਵੱਧ ਸ਼ਬਦਾਂ ਦੀ ਵਰਤੋਂ ਕਰਦਾ ਹੈ? ☐ ☐
- ਕਿਰਿਆਵਾਂ ਨਾਲ ਜੁੜੇ ਸ਼ਬਦਾਂ (ਦੌੜ੍ਹਨਾ, ਗਿਰਾਉਣਾ, ਡਿੱਗਣਾ, ਖਾਣਾ, ਸੌਣਾ, ਜਾਣਾ ਆਦਿ) ਦੀ ਵਰਤੋਂ ਕਰਦਾ ਹੈ? ☐ ☐
- ਆਪਣੇ ਹਾਣੀਆਂ ਨਾਲ, ਸ਼ਬਦਾਂ ਅਤੇ ਖਿਡੌਣਿਆਂ ਦੋਨਾਂ ਦੀ ਵਰਤੋਂ ਕਰਦੇ ਹੋਏ, ਵਾਰੀ ਲੈਣ ਵਾਲੀਆਂ ਸਰਗਰਮੀਆਂ ਵਿਚ ਹਿੱਸਾ ਲੈਂਦਾ ਹੈ? ☐ ☐
- ਕਿਸੇ ਦੂਜੇ ਬੱਚੇ ਨੂੰ ਸੱਟ ਲਗੀ ਜਾਂ ਉਦਾਸ ਦੇਖ ਕੇ ਚਿੰਤਾ ਦਰਸਾਉਂਦਾ ਹੈ? ☐ ☐
- ਖੇਡ ਵਿਚ ਕਈ ਕਿਰਿਆਵਾਂ ਨੂੰ ਇਕੱਠਾ ਜੋੜਦਾ ਹੈ (ਗੁੱਡੀ ਨੂੰ ਖਾਣਾ ਦੇਂਦਾ ਹੈ ਅਤੇ ਫੇਰ ਸੁਲਾਉਂਦਾ ਹੈ, ਬਲਾਕ ਗੱਡੀ ਵਿਚ ਰੱਖਦਾ ਹੈ, ਗੱਡੀ ਚਲਾਉਂਦਾ ਹੈ ਅਤੇ ਫੇਰ ਬਲਾਕ ਗਿਰਾਉਂਦਾ ਹੈ)? ☐ ☐
- ਜ਼ਿਆਦਾਤਰ ਸ਼ਬਦਾਂ ਦੇ ਸ਼ੁਰੂ ਵਿਚ ਧੁਨੀਆਂ ਕੱਢਦਾ ਹੈ? ☐ ☐
- ਦੋ ਜਾਂ ਵੱਧ ਉਚਾਰ ਖੰਡਾਂ ਜਾਂ ਬੀਟਾਂ (ਕੇ-ਲਾ, ਕੰਮ-ਪ੍ਯੂ-ਟਰ, ਸੇ-ਬ) ਵਾਲੇ ਸ਼ਬਦਾਂ ਦੀ ਵਰਤੋਂ ਕਰਦਾ ਹੈ? ☐ ☐
- ਜਾਣੇ-ਪਛਾਣੇ ਛਪੇ ਹੋਏ ਲੋਗੋ ਜਾਂ ਚਿੰਨ੍ਹ ਪਛਾਣਦਾ ਹੈ (ਜਿਵੇਂ, ਰੁਕਣ ਦਾ ਚਿੰਨ੍ਹ)? ☐ ☐
- ਜਾਣੀਆਂ-ਪਛਾਣੀਆਂ ਕਹਾਣੀਆਂ ਯਾਦ ਰੱਖਦਾ ਅਤੇ ਸਮਝਦਾ ਹੈ? ☐ ☐

## 3 ਸਾਲ ਦਾ ਹੋਣ ਤੱਕ

**ਕੀ ਬੱਚਾ:**

- ਕੌਣ, ਕੀ, ਕਿੱਥੇ ਅਤੇ ਕਿਉਂ ਵਾਲੇ ਸਵਾਲ ਸਮਝਦਾ ਹੈ? ☐ ☐
- ਪੰਜ ਤੋਂ ਅੱਠ ਸ਼ਬਦਾਂ ਵਾਲੇ ਲੰਮੇ ਵਾਕ ਬਣਾਉਂਦਾ ਹੈ? ☐ ☐
- ਪੁਰਾਣੀਆਂ ਘਟਨਾਵਾਂ ਬਾਰੇ ਗੱਲਾਂ ਕਰਦਾ ਹੈ (ਦਾਦੀ ਦੇ ਘਰ ਦੀ ਵਿਜ਼ਿਟ, ਚਾਈਲਡ ਕੇਅਰ ਵਿਚ ਬਿਤਾਇਆ ਦਿਨ)? ☐ ☐
- ਛੋਟੀਆਂ, ਆਸਾਨ ਕਹਾਣੀਆਂ ਸੁਣਾਉਂਦਾ ਹੈ? ☐ ☐
- ਆਪਣੇ ਮਨਪਸੰਦ ਸਾਥੀਆਂ ਲਈ ਪਿਆਰ ਦਰਸਾਉਂਦਾ ਹੈ? ☐ ☐
- ਕਈ ਕੰਮਾਂ ਵਾਲੀਆਂ ਕਾਲਪਨਿਕ ਖੇਡਾਂ (ਖਾਣਾ ਬਣਾਉਣ ਜਾਂ ਕਾਰ ਦੀ ਮੁਰੰਮਤ ਕਰਨ ਦਾ ਸਾਂਗ) ਖੇਡਦਾ ਹੈ? ☐ ☐
- ਇਸ ਤਰ੍ਹਾਂ ਗੱਲਾਂ ਕਰਦਾ ਹੈ ਕਿ ਜ਼ਿਆਦਾਤਰ ਪਰਾਏ ਲੋਕ ਉਸਦੀ ਗੱਲ ਸਮਝਦੇ ਹਨ? ☐ ☐
- ਛਪੀਆਂ ਹੋਈਆਂ ਚੀਜ਼ਾਂ (ਮੇਨੂ, ਸੂਚੀਆਂ, ਚਿੰਨ੍ਹ) ਦਾ ਕਾਰਜ ਸਮਝਦਾ ਹੈ? ☐ ☐
- ਤੁੱਕ ਮਿਲਦੇ ਸ਼ਬਦਾਂ ਬਾਰੇ ਜਾਣਕਾਰੀ ਜਾਂ ਦਿਲਚਸਪੀ ਦਿਖਾਉਂਦੇ ਹਨ? ☐ ☐

## 4 ਸਾਲਾਂ ਦਾ ਹੋਣ ਤੱਕ

**ਕੀ ਬੱਚਾ:**

- ਤਿੰਨ ਜਾਂ ਵੱਧ ਕੰਮਾਂ ਵਾਲੀਆਂ ਹਦਾਇਤਾਂ (ਪੇਪਰ ਲਓ, ਉਸ ਤੇ ਤਸਵੀਰ ਬਣਾਉ ਅਤੇ ਮੰਮੀ ਨੂੰ ਦਿਖਾਉ) ਦੀ ਪਾਲਣਾ ਕਰਦਾ ਹੈ? ☐ ☐
- ਬਾਲਗਾਂ ਵਾਲੀ ਵਿਆਕਰਣ ਦੀ ਵਰਤੋਂ ਕਰਦਾ ਹੈ? ☐ ☐
- ਅਰੰਭ, ਮੱਧ ਅਤੇ ਅੰਤ ਵਾਲੀਆਂ ਕਹਾਣੀਆਂ ਸੁਣਾਉਂਦਾ ਹੈ? ☐ ☐
- ਬਾਲਗਾਂ ਅਤੇ ਦੂਜੇ ਬੱਚਿਆਂ ਨਾਲ ਮਿਲਕੇ ਸਵਾਲ ਹੱਲ ਕਰਨ ਦੀ ਕੋਸ਼ਿਸ਼ ਕਰਦਾ ਹੈ? ☐ ☐
- ਹੋਰ ਜ਼ਿਆਦਾ ਗੁੰਝਲਦਾਰ ਕਾਲਪਨਿਕ ਖੇਡਾਂ ਖੇਡਦਾ ਹੈ? ☐ ☐
- ਇਸ ਤਰ੍ਹਾਂ ਗੱਲਾਂ ਕਰਦਾ ਹੈ ਕਿ ਤਕਰੀਬਨ ਸਾਰਾ ਸਮਾਂ ਪਰਾਏ ਲੋਕ ਉਸਦੀ ਗੱਲ ਸਮਝਦੇ ਹਨ? ☐ ☐
- ਸਰਲ ਤੁਕਬੰਦੀ ਕਰਦਾ ਹੈ(ਕੈਟ-ਬੈਟ)? ☐ ☐
- ਕੁਝ ਅੱਖਰਾਂ ਨੂੰ ਉਹਨਾਂ ਦੀਆਂ ਧੁਨੀਆਂ ਨਾਲ ਜੋੜਦਾ ਹੈ (ਅੱਖਰ b ਲਈ 'ਬਅ' ਅਤੇ t ਲਈ 'ਟਅ' ਬੋਲਦਾ ਹੈ)? ☐ ☐

## ਕਿਸੇ ਵੀ ਬੱਚੇ ਬਾਰੇ ਸਾਨੂੰ ਕਾਲ ਕਰੋ...

- ਜੇ ਤੁਹਾਨੂੰ ਉਸਦੀ ਬੋਲੀ/ਭਾਸ਼ਾ ਦੇ ਵਿਕਾਸ ਬਾਰੇ ਚਿੰਤਾ ਹੈ।
- ਜੇ ਤੁਹਾਨੂੰ ਉਸਦੀ ਸੁਣਨ ਦੀ ਸ਼ਕਤੀ ਬਾਰੇ ਚਿੰਤਾ ਹੈ।
- ਜੇ ਪਿਛਲੇ ਛੇ ਮਹੀਨਿਆਂ ਵਿਚ ਉਸਦੀ ਬੋਲੀ ਅਤੇ ਭਾਸ਼ਾ ਸਬੰਧੀ ਕੁਸ਼ਲਤਾ ਵਿਚ ਕੋਈ ਸੁਧਾਰ ਨਹੀਂ ਹੋਇਆ ਹੈ।
- ਜੇ ਉਹ ਅਕਸਰ ਧੁਨੀਆਂ ਅਤੇ/ਜਾਂ ਸ਼ਬਦ ਦੁਹਰਾਉਂਦਾ ਹੈ (ਥੱਥਲਾਉਂਦਾ) ਹੈ।
- ਜੇ ਉਸਦੀ ਆਵਾਜ਼ ਤੁਹਾਨੂੰ ਵੱਖਰੀ ਜਾਂ ਅਜੀਬ ਲੱਗਦੀ ਹੈ।
- ਜਿਸਦਾ ਖੇਡਣਾ ਜਾਂ ਸਮਾਜਿਕ ਮੇਲਜੋਲ ਤੁਹਾਨੂੰ ਸਹੀ ਨਹੀਂ ਲੱਗਦਾ।
- ਜਿਸ ਵਿਚ ਖੰਡਿਤ ਬੁੱਲ੍ਹ/ਤਾਲੂ, ਘੱਟ ਸੁਣਾਈ ਦੇਣ, PDD/ਆਤਮਕੇਂਦ੍ਰਿਤ ਰਹਿਣ, ਵਿਕਾਸ ਵਿਚ ਦੇਰੀ ਦਾ ਨਿਦਾਨ ਕੀਤਾ ਗਿਆ ਹੈ (ਪਰ ਉਸਨੂੰ ਪਹਿਲਾਂ ਤੋਂ ਸੇਵਾਵਾਂ ਨਹੀਂ ਮਿਲ ਰਹੀਆਂ ਹਨ)।

# ਛੇਤੀ ਇਲਾਜ ਕਰਵਾਉਣਾ ਬਹੁਤ ਜ਼ਰੂਰੀ ਹੈ।

## ਅਰਲੀ ਏਬਿਲਿਟੀਜ਼ ਨੂੰ ਕਾਲ ਕਰੋ

1-833-575-5437 **TTY** 1-833-575-5437

**ਸਾਡੀ ਇਸ ਵੈਬਸਾਈਟ ਤੇ ਔਨਲਾਈਨ ਰਜਿਸਟ੍ਰੇਸ਼ਨ ਹੋ ਸਕਦੀ ਹੈ:**

www.surreyplace.ca

ਭਰਨ ਦੀ ਮਿਤੀ: ______________________________

ਬੱਚੇ ਦਾ ਨਾਂ: ______________________________

ਬੱਚੇ ਦੀ ਜਨਮ ਮਿਤੀ: ______________________________

ਭਰਨ ਵਾਲੇ ਵਿਅਕਤੀ ਦਾ ਨਾਂ: ______________________________

ਸੰਪਰਕ ਲਈ ਪਤਾ: ______________________________

ਡਾਕ ਕੋਡ: ______________ ਸ਼ਹਿਰ: ______________

ਫੋਨ ਨੰਬਰ:______________ ਕੋਈ ਦੂਜਾ ਫੋਨ ਨੰਬਰ. ______________

SURREY PLACE Ontario

PH1604SS821